BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਫਾਰਮਰਸ ਮਾਰਕੀਟ 11 ਜੂਨ ਨੂੰ ਸ਼ੁਰੂ ਹੋ ਰਹੀ ਹੈ

ਬ੍ਰੈਂਪਟਨ, ਓਨਟੈਰੀਓ (26 ਮਈ, 2022) – ਸਿਟੀ ਆਫ ਬ੍ਰੈਂਪਟਨ ਦੀ ਸਲਾਨਾ ਫਾਰਮਰਸ ਮਾਰਕੀਟ (Farmers' Market), ਮੈਰੀਡੀਅਨ ਕ੍ਰੈਡਿਟ ਯੂਨੀਅਨ (Meridian Credit Union) ਵੱਲੋਂ ਪੇਸ਼ ਕੀਤੀ ਜਾ ਰਹੀ ਹੈ ਅਤੇ ਇਹ 2022 ਦੇ ਸੀਜਨ ਲਈ 11 ਜੂਨ ਨੂੰ ਸ਼ੁਰੂ ਕਰਦੇ ਹੋਏ ਖੁੱਲ ਰਹੀ ਹੈ। ਇਹ ਹਫਤਾਵਾਰ ਮਾਰਕੀਟ, 8 ਅਕਤੂਬਰ ਤੱਕ, ਸਵੇਰੇ 8 ਵਜੇ ਤੋਂ ਦੁਪਹਿਰ ਬਾਅਦ 1 ਵਜੇ ਤੱਕ, ਹਰੇਕ ਸ਼ਨੀਵਾਰ ਚੱਲੇਗੀ, ਭਾਵੇਂ ਵਰਖਾ ਹੋਵੇ ਜਾਂ ਧੁੱਪ। ਇਸ ਸਾਲ, ਇਹ ਪਿਆਰੀ ਮਾਰਕੀਟ, ਗੇਜ ਪਾਰਕ (Gage Park) ਵਿੱਚ ਜੌਰਜ ਸਟ੍ਰੀਟ (George Street) ਅਤੇ ਮੇਨ ਸਟ੍ਰੀਟ ਸਾਊਥ (Main Street South) ਦੇ ਵਿਚਕਾਰ, ਵੈਲਿੰਗਟਨ ਸਟ੍ਰੀਟ ਤੇ ਸਥਿਤ ਹੋਵੇਗੀ।

ਇਹ ਸੀਜਨ ਅਜਿਹਾ ਹਫਤਾਵਾਰ ਕਾਰਜਕਰਮ ਪੇਸ਼ ਕਰ ਰਿਹਾ ਹੈ, ਜਿਸਦਾ ਹਰ ਕੋਈ ਅਨੰਦ ਮਾਣੇਗਾ, ਜਿਸ ਵਿੱਚ ਸ਼ਾਮਲ ਹੈ:

- ਮਾਰਕੀਟ ਦੇ ਮਨਪਸੰਦ ਕਿਸਾਨ, ਵਿਕਰੇਤਾ ਅਤੇ ਲੋਕਲ ਸ਼ਿਲਪਕਾਰ, ਤਾਜ਼ੇ ਫਲਾਂ ਅਤੇ ਸਬਜ਼ੀਆਂ ਅਤੇ ਹੱਥ ਨਾਲ ਬਣੇ ਸਮਾਨ ਦੇ ਨਾਲ ਵਾਪਸ ਆਉਣਗੇ;
- ਬ੍ਰੈਂਪਟਨ ਫੋਕ ਕਲੱਬ (Brampton Folk Club), ਬੀ-ਜੈਜ਼ਡ (B-Jazzed), ਡੀ.ਜੇ. ਜੋਨਾਥਨ ਸ਼ਾੱ (DJ Jonathan Shaw) ਆਦਿ ਵੱਲੋਂ ਬੈਂਡਸਟੈਂਡ ਤੇ ਲਾਈਵ ਮਨੋਰੰਜਨ;
- ਸਿਟੀ ਆਫ ਬ੍ਰੈਂਪਟਨ ਦੀ ਆਰਟਸ, ਕਲਚਰ ਐਂਡ ਕ੍ਰਿਏਟਿਵ ਇੰਡਸਟਰੀ ਡਿਵੈਲਪਮੈਂਟ ਏਜੰਸੀ (ਏ.ਸੀ.ਸੀ.ਆਈ.ਡੀ.ਏ.) (Arts, Culture and Creative Industry Development Agency) (ACCIDA) ਵੱਲੋਂ ਔਨ-ਸਾਈਟ ਆਰਟ ਐਕਟੀਵੇਸ਼ਨਸ; ਅਤੇ
- ਹੋਰ ਵੀ ਬਹੁਤ ਕੁਝ!

## ਡਾਉਨਟਾਉਨ ਬ੍ਰੈਂਪਟਨ ਵਿੱਚ ਪਰਿਵਰਤਨ ਜਾਰੀ ਹੈ

ਡਾਉਨਟਾਉਨ ਬ੍ਰੈਂਪਟਨ (Downtown Brampton) ਵਿੱਚ ਪਰਿਵਰਤਨ ਜਾਰੀ ਹੈ। ਰੀਜਨ ਆਫ ਪੀਲ (Region of Peel), ਖੇਤਰ ਵਿੱਚ ਵਾਟਰਮੇਨ ਅਤੇ ਸੈਨੀਟਰੀ ਸੀਵਰਾਂ ਨੂੰ ਬਦਲਣ ਲਈ ਇੱਕ ਪ੍ਰੋਜੈਕਟ ਦੀ ਅਗਵਾਈ ਕਰ ਰਿਹਾ ਹੈ। ਇਸਦੇ ਨਤੀਜੇ ਵਜੋਂ, ਕਈ ਸੜਕਾਂ ਬੰਦ ਰਹਿਣਗੀਆਂ। ਕਿਰਪਾ ਕਰਕੇ ਮਾਰਕੀਟ ਜਾਣ ਤੋਂ ਪਹਿਲਾਂ ਯੋਜਨਾ ਬਣਾਓ।

ਮਿਊਨਿਸਿਪਲ ਪਾਰਕਿੰਗ ਬਾਰੇ ਅੱਪਡੇਟਸ, brampton.ca ਤੇ ਪ੍ਰਾਪਤ ਕੀਤੇ ਜਾ ਸਕਦੇ ਹਨ ਜਾਂ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੁਆਰਾ ਉੱਥੇ ਪਹੁੰਚੋ। ਆਪਣੀ ਟ੍ਰਿਪ, ਟ੍ਰਿਪਲਿੰਕਸ (Triplinx) ਦੇ ਨਾਲ ਐਡਵਾਂਸ ਵਿੱਚ ਪਲਾਨ ਕਰੋ।

2022 ਦੀ ਬ੍ਰੈਂਪਟਨ ਫਾਰਮਰਸ ਮਾਰਕੀਟ ਨੂੰ ਉਦਾਰਤਾਪੂਰਬਕ, ਅਲਗੋਮਾ ਯੂਨੀਵਰਸਿਟੀ (Algoma University), ਬੋਰਡਵਾਕ (Boardwalk), ਫਲੈਟੋ ਡਿਵੈਲਪਮੈਂਟਸ (Flato Developments), ਰੇਵੇਰਾ (Revera) ਅਤੇ ਟੋਰੋਂਟੋ ਪੀਅਰਸਨ (Toronto Pearson) ਵੱਲੋਂ ਪ੍ਰਾਯੋਜਿਤ (ਸਪਾਂਸਰ) ਕੀਤਾ ਜਾ ਰਿਹਾ ਹੈ।

ਇਸ ਸੀਜਨ ਦੇ ਵਿਕਰੇਤਾਵਾਂ ਅਤੇ ਪ੍ਰੋਗਰਾਮਿੰਗ ਬਾਰੇ ਹੋਰ ਜਾਣਕਾਰੀ ਲਈ, brampton.ca/markets ਤੇ ਜਾਓ।

**ਹਵਾਲੇ**

“ਸਲਾਨਾ ਤੌਰ ਤੇ ਬ੍ਰੈਂਪਟਨ ਫਾਰਮਰਸ ਮਾਰਕੀਟ ਦੇ ਆਉਣ ਨਾਲ, ਗਰਮੀ ਦੀ ਅਣਅਧਿਕਾਰਤ ਸ਼ੁਰੂਆਤ ਹੋ ਜਾਂਦੀ ਹੈ! ਬ੍ਰੈਂਪਟਨ ਦੀ ਇਹ ਮਨਪਸੰਦ ਮਾਰਕੀਟ, ਕਮਿਉਨਿਟੀ ਨੂੰ ਇਕੱਠੇ ਲਿਆਉਂਦੀ ਹੈ ਅਤੇ ਇੱਕ ਅਜਿਹੀ ਪਰੰਪਰਾ ਹੈ, ਜਿਸਦੀ ਮੈਂ ਹਰ ਸਾਲ ਉਡੀਕ ਕਰਦਾ ਹਾਂ। 11 ਜੂਨ ਦੀ ਤਾਰੀਖ ਯਾਦ ਰੱਖੋ। ਤੁਹਾਡੇ ਨਾਲ ਉੱਥੇ ਮੁਲਾਕਾਤ ਹੋਵੇਗੀ!”

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“ਮੈਂ, ਬ੍ਰੈਂਪਟਨ ਫਾਰਮਰਸ ਮਾਰਕੀਟ ਨੂੰ ਵਾਪਸ ਪਰਤਦੇ ਦੇਖਣ ਅਤੇ ਕਮਿਉਨਿਟੀ ਅਤੇ ਲੋਕਲ ਛੋਟੇ ਕਾਰੋਬਾਰਾਂ ਦਾ ਜਸ਼ਨ ਮਨਾਉਣ ਲਈ ਉਤਸ਼ਾਹਿਤ ਹਾ। ਇਸ ਸੀਜਨਲ ਮਾਰਕੀਟ ਦੀ ਹਿਮਾਇਤ ਕਰਨਾ ਜਾਰੀ ਰੱਖਣ ਲਈ, ਸਾਡੇ ਉਦਾਰ ਪ੍ਰਾਯੋਜਕਾਂ ਦਾ ਧੰਨਵਾਦ!”

- *ਹਰਕੀਰਤ ਸਿੰਘ (Harkirat Singh), ਸਿਟੀ ਕਾਉਂਸਲਰ, ਵਾਰਡਸ 9 ਅਤੇ 10; ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

“ਕਿਉਂਕਿ ਡਾਉਨਟਾਉਨ ਬ੍ਰੈਂਪਟਨ ਵਿੱਚ ਰੋਮਾਂਚਕ ਪਰਿਵਰਤਨ ਜਾਰੀ ਹੈ, ਤਾਂ ਇਹ ਮਹੱਤਵਪੂਰਣ ਹੈ ਕਿ ਅਸੀਂ ਸਾਡੇ ਲੋਕਲ ਵਿਕਰੇਤਾਵਾਂ ਅਤੇ ਕਾਰੋਬਾਰਾਂ ਦੀ ਹਿਮਾਇਤ ਕਰੀਏ। ਸਿਟੀ ਆਫ ਬ੍ਰੈਂਪਟਨ ਦੀ ਟੀਮ ਨੇ ਬਹੁਤ ਸਾਰੀਆਂ ਵੰਨ-ਸੁਵੰਨੀਆਂ ਪੇਸ਼ਕਸ਼ਾਂ ਅਤੇ ਮਨੋਰੰਜਨ ਦੇ ਨਾਲ ਇਸ ਸ਼ਾਨਦਾਰ ਸੀਜਨ ਦੀ ਯੋਜਨਾ ਬਣਾਈ ਹੈ, ਜਿਸਦਾ ਬ੍ਰੈਂਪਟਨ ਦੀ ਸਮੁੱਚੀ ਕਮਿਉਨਿਟੀ ਨੂੰ ਜ਼ਰੂਰ ਮਜ਼ਾ ਆਵੇਗਾ।”

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca